Interior Health
INFECTION PREVENTION & CONTROL

Punjabi

# ਪ੍ਰਾਇਮਰੀ ਕੇਅਰ ਮੀਜ਼ਲਜ਼ ਸਕ੍ਰੀਨਿੰਗ ਟੂਲ

# Primary Care Measles Screening Tool

<table>
<tr><td colspan="2">

**ਸਕ੍ਰੀਨਰ (ਐੱਮ. ਓ. ਏ. ਜਾਂ ਨਰਸ) ਮਰੀਜ਼ ਨੂੰ ਪੁੱਛੇ ਕਿ ਕੀ ਉਨ੍ਹਾਂ ਨੇ ਹੇਠ ਲਿਖਿਆਂ ਦਾ ਅਨੁਭਵ ਕੀਤਾ ਹੈ :**

- ਤੇਜ਼ ਬੁਖਾਰ(≥ 38.3°), **ਅਤੇ**
- ਖੰਘ, ਨੱਕ ਵਗਣਾ, ਜਾਂ ਲਾਲ ਅੱਖਾਂ, ਪਾਣੀ ਆਉਣਾ
- **ਇਸ ਤੋਂ ਬਾਅਦ:** ਲਾਲ ਧੱਬੇਦਾਰ ਧੱਫੜ ਜੋ ਸਿਰ ਤੋਂ ਸ਼ੁਰੂ ਹੋ ਕੇ ਧੜ, ਬਾਹਾਂ ਅਤੇ ਲੱਤਾਂ ਤੱਕ ਫੈਲ ਜਾਂਦੇ ਹਨ। ਖਸਰੇ ਦੇ ਦਾਣੇ ਲੱਛਣ ਸ਼ੁਰੂ ਹੋਣ ਦੇ 3-7 ਦਿਨਾਂ ਬਾਅਦ ਸ਼ੁਰੂ ਹੁੰਦੇ ਹਨ ।

**ਜੇ ਉਪਰੋਕਤ ਲਈ 'ਹਾਂ' ਹੈ, ਤਾਂ ਨਰਸ ਹੇਠਾਂ ਦਿੱਤੇ ਸਵਾਲ ਪੁੱਛੇਗੀ:**

</td></tr>
<tr><td>1. ਕੀ ਮਰੀਜ਼ ਨੂੰ ਆਪਣੇ ਪਹਿਲੇ ਜਨਮ ਦਿਨ ਤੋਂ ਬਾਅਦ ਖਸਰੇ ਵਾਲੇ ਟੀਕੇ ਦੀਆਂ ਦੋ ਖੁਰਾਕਾਂ ਮਿਲੀਆਂ ਹਨ?</td><td>ਜੇ ਹਾਂ: ਤਾਂ ਮਰੀਜ਼ ਨੂੰ ਖਸਰੇ ਤੋਂ ਪ੍ਰਤੀਰੋਧਕ ਮੰਨਿਆ ਜਾਂਦਾ ਹੈ ਅਤੇ ਨਿਯਮਤ ਪ੍ਰਤੀਕ੍ਰਿਆ ਅਨੁਸਾਰ ਜਾਂਚ ਕੀਤੀ ਜਾਣੀ ਚਾਹੀਦੀ ਹੈ।<br><br>ਜੇ ਨਹੀਂ ਜਾਂ ਪਤਾ ਨਹੀਂ : ਕਿਰਪਾ ਕਰਕੇ ਪ੍ਰਸ਼ਨ #2 'ਤੇ ਜਾਓ</td></tr>
<tr><td>2. ਕੀ ਮਰੀਜ਼ ਨੇ ਖਸਰੇ ਪ੍ਰਤੀ ਪ੍ਰਤੀਰੋਧਕ ਸ਼ਕਤੀ ਦੀ ਪੁਸ਼ਟੀ ਕਰਨ ਲਈ ਖੂਨ ਦਾ ਟੈਸਟ ਕਰਾਇਆ ਹੈ?<br>(ਉਦਾਹਰਨ: ਖਸਰਾ ਐਂਟੀਬਾਡੀ (ਆਈ. ਜੀ. ਜੀ.) ਪ੍ਰਤੀਕਿਰਿਆਸ਼ੀਲ ਜਾਂ ਸਕਾਰਾਤਮਕ, ਜਾਂ ਪਿਛਲੇ ਖਸਰਾ ਐਂਟੀਬਾਡੀ ਦਾ ਪੱਧਰ 200 ਐਮ. ਆਈ. ਯੂ. ਪ੍ਰਤੀ ਐਮ. ਐਲ. ਤੋਂ ਵੱਧ ਜਾਂ ਬਰਾਬਰ)</td><td>ਜੇ ਹਾਂ: ਤਾਂ ਮਰੀਜ਼ ਨੂੰ ਖਸਰੇ ਤੋਂ ਪ੍ਰਤੀਰੋਧਕ ਮੰਨਿਆ ਜਾਂਦਾ ਹੈ ਅਤੇ ਨਿਯਮਤ ਪ੍ਰਤੀਕ੍ਰਿਆ ਅਨੁਸਾਰ ਜਾਂਚ ਕੀਤੀ ਜਾਣੀ ਚਾਹੀਦੀ ਹੈ।<br><br>ਜੇ ਨਹੀਂ ਜਾਂ ਪਤਾ ਨਹੀਂ : ਕਿਰਪਾ ਕਰਕੇ ਪ੍ਰਸ਼ਨ #3 'ਤੇ ਜਾਓ</td></tr>
<tr><td>3 ਕੀ ਮਰੀਜ਼ ਦਾ ਲੈਬ ਵਿੱਚ ਪੁਸ਼ਟੀ ਕੀਤੇ ਅਨੁਸਾਰ ਖਸਰੇ ਦੀ ਬਿਮਾਰੀ ਦਾ ਇਤਿਹਾਸ ਹੈ ਜਾਂ ਮਰੀਜ਼ ਦਾ ਜਨਮ 1 ਜਨਵਰੀ, 1970 ਤੋਂ ਪਹਿਲਾਂ ਹੋਇਆ ਸੀ?</td><td>ਜੇ ਹਾਂ: ਤਾਂ ਮਰੀਜ਼ ਨੂੰ ਖਸਰੇ ਤੋਂ ਪ੍ਰਤੀਰੋਧਕ ਮੰਨਿਆ ਜਾਂਦਾ ਹੈ ਅਤੇ ਨਿਯਮਤ ਪ੍ਰਤੀਕ੍ਰਿਆ ਅਨੁਸਾਰ ਜਾਂਚ ਕੀਤੀ ਜਾਣੀ ਚਾਹੀਦੀ ਹੈ।<br><br>ਜੇ ਨਹੀਂ ਜਾਂ ਪਤਾ ਨਹੀਂ : ਮਰੀਜ਼ ਨੂੰ ਅਲੱਗ ਰੱਖਣ ਦੇ ਨਿਯਮਾਂ ਨਾਲ ਅੱਗੇ ਵਧੋ।</td></tr>
</table>